## ਗੁਰੂ ਨਾਨਕ – ਸਬਦ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਮੂਲਮੰਤਰ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਾਰ: 'ਮੂਲ ਮੰਤਰ' ਗੁਰੂ ਨਾਨਕ ਦੀ ਪਰਮ ਅਕੀਦੇ ਵੇਹਦਤ ਦੀ ਭਾਵਨਾ ਦਾ ਇਜ਼ਹਾਰ ਹੈ। ਇਹ ਇੱਕ ਸੰਖੇਪ ਰਚਨਾ ਹੈ ਜੋ ਅਧਿਆਤਮਿਕ ਅਤੇ ਸਮਾਜਿਕ ਵਿਕਾਸ ਵਾਲੇ ਵਿਸ਼ਾਲ ਵਿਸ਼ਵ-ਵਿਆਪੀ ਸਿਧਾਂਤਾਂ ਨੂੰ ਸਮੋਈ ਬੈਠੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਨੇਕ ਰੂਹਾਨੀ ਰਹਿਬਰਾਂ ਦੀ ਬਾਣੀ 'ਮੂਲ ਮੰਤਰ' ਦੇ ਤੱਤ ਦਾ ਵਿਸਤਾਰ ਹੈ।

'ਮੂਲ' ਮਤਲਬ ਮੁਢਲਾ।
ਮੰਤਰ ਦੋ ਸ਼ਬਦਾਂ ਦਾ ਜਮਾ ਜੋੜ ਹੈ ਮਨ ਅਤੇ ਤਰ ਭਾਵ ਜੁਗਤ।

'ਮੂਲ ਮੰਤਰ' ਨੂੰ ਆਲੋਚਨਾਤਮਕ ਸੋਚ ਦੀ ਇੱਕ ਜੁਗਤ ਵਜੋਂ ਸੰਖੇਪਿਤ ਕੀਤਾ ਜਾ ਸਕਦਾ ਹੈ ਜੋ ਚੇਤਨਾ ਤੱਕ ਪਹੁੰਚ ਕਰਨ ਲਈ ਮਨ ਦੇ ਦਵੈਤ ਖੋਲ੍ਹਦੀ ਹੈ ਅਤੇ ਸਮੁੱਚੀ ਰਚਨਾ ਨੂੰ ਇੱਕ ਸੰਯੁਕਤ ਵਰਤਾਰੇ ਵਜੋਂ ਪਛਾਣਦੀ ਹੈ।

'ਮੂਲ ਮੰਤਰ' ਦੇ ਇਹ ਆਰੰਭਕ ਸ਼ਬਦ ਗੁਰੂ ਨਾਨਕ ਦੇ ਮੁਢਲੇ ਇਕਵਾਦੀ ਅਕੀਦੇ ਦੀ ਮਿਸਾਲ ਦਿੰਦੇ ਹਨ, ਜੋ ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹਨ ਕਿ ਸਾਰੇ ਜੀਵਨ ਰੂਪਾਂ ਦਾ ਅਧਾਰ ਇੱਕ ਊਰਜਾ ਹੈ ਜੋ ਪਸਾਰੇ ਵਿੱਚ ਅਨੇਕਤਾ ਰਾਹੀਂ ਆਪਣੀ ਮੌਜੂਦਗੀ ਨੂੰ ਪ੍ਰਗਟ ਕਰਦੀ ਹੈ। ਇਹ ਅਦਿੱਖ ਸਰਬ-ਵਿਆਪਕ ਊਰਜਾ ਦੀ ਹੋਂਦ ਦੀ ਪ੍ਰਤੱਖਤਾ ਦਾ ਪ੍ਰਮਾਣ ਹੈ, ਜਿਸ ਨੂੰ ਚੇਤਨਾ ਵੀ ਕਿਹਾ ਜਾਂਦਾ ਹੈ। ਇਹ ਊਰਜਾ ਸ੍ਰਿਸ਼ਟੀ ਦੇ ਰੂਪ ਵਿੱਚ ਉਭਰਦੀ ਹੈ, ਜੋ ਇੱਕ ਸਮੇਂ ਤੱਕ ਕਾਇਮ ਰਹਿੰਦੀ ਹੈ, ਅਤੇ ਫਿਰ ਆਪਣੇ ਆਪ ਵਿੱਚ ਸਮਾਅ ਜਾਂਦੀ ਹੈ। ਇਹ ਪਾਣੀ ਵਾਂਗ ਹੈ ਜੋ ਵਾਸ਼ਪਿਤ ਹੋ ਬੱਦਲ ਬਣ ਜਾਂਦਾ ਹੈ, ਫਿਰ ਮੀਂਹ ਦੀਆਂ ਬੂੰਦਾਂ ਵਿੱਚ ਬਦਲ ਜਾਂਦਾ ਹੈ ਅਤੇ ਵਿਕਾਸ ਦੇ ਲਈ ਮੁੜ ਪਾਣੀ ਹੋ, ਪਾਣੀ ਵਿਚ ਮਿਲ ਜਾਂਦਾ ਹੈ।

ੴ
੧ (ਇੱਕ) ਓਅੰ (ਤ੍ਰੈ-ਸਤਾ) ਕਾਰ (ਪ੍ਰਗਟਤਾ)

ਸ੍ਰਿਸ਼ਟੀ ਦੇ ਸੋਮੇ ਦੀ ਇਕਸਾਰਤਾ, ਅਣਡਿਠ,ਸਰਬ-ਵਿਆਪਕ ਚੇਤਨਾ, ਨੂੰ ਇੱਕ ਦੁਆਰਾ ਪ੍ਰਗਟ ਕੀਤਾ ਗਿਆ ਹੈ, ਜੋ ਓਅੰ' + 'ਕਾਰ' ਦੇ ਅੱਗੇ ਜੜਿਆ ਹੋਇਆ ਹਿੰਦਸਾ '੧' ਸਮਰਥਨ ਕਰਦਾ ਹੈ। 'ਓਅੰ' ਤ੍ਰੈ-ਸਤਾ ਨੂੰ ਦਰਸਾਉਂਦਾ ਹੈ, ਜੋ ਹੋਂਦ ਦੀਆਂ ਤਿੰਨ ਕਿਰਿਆਵਾਂ - ਸਿਰਜਨ, ਨਿਰਬਾਹ ਅਤੇ ਖੰਡਣ ਰਾਹੀਂ ਕਾਰੇ ਲੱਗੀ ਹੋਈ ਹੈ, ਜਿਸ ਨੂੰ ਆਮ ਤੌਰ 'ਤੇ ਰੱਬ ਸਿਧਾਂਤ ਵਜੋਂ ਜਾਣਿਆ ਜਾਂਦਾ ਹੈ। 'ਕਾਰ' ਸ਼ਬਦ 'ਆਕਾਰ' ਤੋਂ ਲਿਆ ਗਿਆ, ਹੈ ਜਿਸਦਾ ਮਾਇਨਾ ਬਣਤਰ ਹੁੰਦਾ ਹੈ, ਜੋ ਕਿ ਪਸਾਰੇ ਦੇ ਅਨੇਕ ਰੂਪਾਂ ਵਜੋਂ ਅਣਡਿਠ ਸਰਬ-ਵਿਆਪਕ ਇਕ ਸੋਮੇ ਦੇ ਪ੍ਰਗਟਾਵੇ ਨੂੰ ਦਰਸਾਉਂਦਾ ਹੈ।

ਸਤਿ ਨਾਮੁ

ਸਤਿ (ਸੱਚ), ਨਾਮੁ (ਚੇਤੰਨਤਾ)

ਹੋਂਦ ਦੀ ਮੂਲ ਧਾਰਨਾ ਦਾ ਸਿਧਾਂਤ ਏਕਮ ਅਣਡਿਠ, ਸਰਵ ਵਿਆਪਕ ਚੇਤਨਾ ਹੈ ਜੋ ਦਰਸ਼ਕ ਅਤੇ ਵੇਖੇ ਗਏ ਦਰਸਾਨਿਓ ਅੰਦਰ ਵਿਆਪਕ ਹੈ। ਇਸ ਹਸਤੀ ਦਾ ਸੱਚ ਨਿਰਵਿਘਨ ਚੇਤਨਤਾ ਰਾਹੀਂ ਵਿਅਕਤ ਹੁੰਦਾ ਹੈ।

ਕਰਤਾ ਪੁਰਖੁ

ਕਰਤਾ (ਸਿਰਜਣਹਾਰ), ਪੁਰਖ (ਮੂਲ ਧਾਤ)

ਕੁਦਰਤੀ ਗਤੀਵਿਧੀਆਂ ਅਤੇ ਨਿਯਮਾਂ ਨੂੰ ਅਣਡਿਠ, ਸਰਵ-ਵਿਆਪਕ ਚੇਤਨਾ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ, ਇਕ ਮੂਲ ਧਾਤ ਤੋਂ ਸੰਗਿਠਤ ਇਹ ਸਰਬ-ਕਾਰ ਹਸਤੀ ਅਨੇਕਾਂ ਰੂਪਾਂ ਰਾਹੀਂ ਪ੍ਰਗਟ ਹੁੰਦੀ ਹੈ।

ਨਿਰਭਉ

ਨਿਰ (ਬਿਨਾ), ਭਉ (ਡਰ)

ਅਣਡਿਠ ਅਤੇ ਸਰਬ-ਵਿਆਪਕ ਚੇਤਨਾ ਜੋ ਸਾਰੀ ਸ੍ਰਿਸ਼ਟੀ ਵਿੱਚ ਵਸਦੀ ਹੈ ਇਸ ਦੀ ਹੋਂਦ ਨੂੰ ਇਕ ਹਸਤੀ ਦੇ ਤੌਰ ਪਛਾਣਨਾ ਅਣਜਾਣਤਾ ਅਤੇ ਅਲਹਿਦਗੀ ਦੇ ਸਿਧਾਂਤ ਤੋਂ ਨਿਰਭੈਤਾ ਪੈਦਾ ਕਰਦੀ ਹੈ।

ਨਿਰਵੈਰੁ

ਨਿਰ (ਬਿਨਾ), ਵੈਰ (ਵਿਤਕਰਾ)

ਅਨੇਕਤਾ ਵਿੱਚ ਏਕਤਾ ਹੀ ਪਰਮ ਸੱਚ ਹੈ ਕਿ ਸਾਰੀ ਸ੍ਰਿਸ਼ਟੀ ਅਦ੍ਰਿਸ਼ਟ, ਸਰਵ ਵਿਆਪਕ ਚੇਤਨਾ ਰਾਹੀਂ ਜੁੜੀ ਹੋਈ ਹੈ; ਇਹ ਹਸਤੀ ਕਿਸੇ ਨੂੰ ਬੇਗਾਨਾ ਨਹੀਂ ਦੇਖਦੀ ਜੋ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ ਕਿ ਵੇਹਦਤ ਵਿਤਕਰੇ ਤੋਂ ਰਹਿਤ ਹੈ।

ਅਕਾਲ ਮੂਰਤਿ

ਅਕਾਲ (ਸਦੀਵੀ), ਮੂਰਤਿ (ਰੂਪ)

ਸਮੇਂ ਦੀ ਨਿਰੰਤਰਤਾ ਅਤੇ ਬਦਲਾਵ ਦੀ ਅਟਲਤਾ ਕੁਦਰਤ ਵਿਚ ਸਥਿਰ ਹਨ। ਉਹ ਅਦ੍ਰਿਸ਼ਟ ਸਰਬ ਵਿਆਪਕ ਚੇਤਨਾ ਦੀ ਸਦੀਵਤਾ ਦੇ ਸੱਚ ਨੂੰ ਪੇਸ਼ ਕਰਦੇ ਹਨ ਜੋ ਕੁਦਰਤ ਅੰਦਰ ਅਨੇਕ ਰੂਪਾਂ ਵਿੱਚ ਸਿਰਜਦੀ, ਸੰਭਲਦੀ, ਖੰਡਿਤ ਅਤੇ ਪੁਨਰਸੁਰਜੀਤ ਹੁੰਦੀ ਹੈ।

ਅਜੂਨੀ

ਅਜੂਨੀ (ਜਨਮ ਅਤੇ ਮੌਤ ਤੋਂ ਪਰੇ)

ਇਹ ਵਰਤਮਾਨ ਵਿੱਚ ਹੈ ਕਿ ਜੀਵਨ ਜਨਮ ਅਤੇ ਮੌਤ ਤੋਂ ਪਰੇ ਵਗਦਾ ਹੈ, ਜਿੱਥੇ ਅਣਦੇਖੀ, ਸਰਵ ਵਿਆਪਕ ਚੇਤਨਾ ਦੀ ਅਨੰਤਤਾ ਪ੍ਰਗਟ ਹੁੰਦੀ ਹੈ।

ਸੈਭੰ

ਸੈ (ਸਵੈ), ਭੰ (ਹੋਂਦ)

ਸਵੈ-ਵਾਸਤਵਿਕਤਾ ਸਵੈ-ਹੋਂਦ ਦੇ ਸੱਚ ਨੂੰ ਪ੍ਰਕਾਸ਼ਮਾਨ ਕਰਦੀ ਹੈ। ਇਹ ਅਣਡਿਠ, ਜੋ ਸਰਵ-ਵਿਆਪਕ ਜਾਗਰੂਕਤਾ ਦੇ ਸ਼ਾਂਤ ਪਰ ਗਤੀਸ਼ੀਲ ਗੁਣ ਹਨ, ਆਪਣੇ ਆਪ ਵਿੱਚ ਪ੍ਰਗਟ, ਕਾਇਮ, ਜਾਂ ਖੰਡਿਤ ਹੁੰਦੇ ਰਹਿੰਦੇ ਹਨ।

ਗੁਰ ਪ੍ਰਸਾਦਿ ॥

ਗੁਰ (ਬਿਬੇਕ), ਪ੍ਰਸਾਦਿ (ਕਿਰਪਾ)

ਕੁਦਰਤ ਦੇ ਨਾਲ ਪਰਸਪਰ ਸੰਵਾਦ ਅਨੁਭਵੀ ਬਿਬੇਕ ਨੂੰ ਜਗਾਉਂਦਾ ਹੈ, ਜੋ ਅਗਿਆਨਤਾ ਤੋਂ, ਅਣਡਿਠ, ਸਰਬ-ਵਿਆਪਕ ਚੇਤਨਾ ਦੀ ਹਾਜ਼ਰ-ਨਾਜ਼ਰਤਾ ਦੇ ਅਨੁਭਵ ਤੱਕ ਕ੍ਰਿਤਾਰਥ ਕਰਦਾ ਹੈ।

ਤੱਤ: ਗੁਰੂ ਨਾਨਕ ਆਖਦੇ ਹਨ ਕਿ ਏਕਤਾ ਕੇਵਲ ਅਨੁਭਵ ਨਹੀਂ ਹੈ ਸਗੋਂ ਹੋਂਦ ਦੀ ਪਵਿੱਤਰ ਅਵਸਥਾ ਹੈ। ਦਵੈਤ ਵਿੱਚ ਰੁੱਝੀ ਹੋਈ ਅਗਿਆਨਤਾ ਵੰਡ ਪੈਦਾ ਕਰਦੀ ਹੈ, ਮੁਕਤੀ 'ਤੇ ਕੇਂਦ੍ਰਿਤ ਬੁੱਧੀ ਵਿੱਦਿਆ ਨੂੰ ਇਕੱਠਾ ਕਰਦੀ ਹੈ, ਅਤੇ ਇਕਾਈ ਦੇ ਚਾਨਣ ਵਿੱਚ ਸੰਗਠਿਤ ਗਿਆਨ ਅਨੇਕਤਾ ਵਿੱਚ ਏਕਤਾ ਦੀ ਜਾਗਰੂਕਤਾ ਪ੍ਰਾਪਤ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**